# ਜਮਾਤ - ਨੌਵੀਂ , ਵਿਸ਼ਾ - ਪੰਜਾਬੀ

# ਵਹਿਮੀ ਤਾਇਆ

## ਛੋਟੇ ਉੱਤਰ ਵਾਲੇ ਪ੍ਰਸ਼ਨ।

**ਪ੍ਰਸ਼ਨ 1. 'ਵਹਿਮੀ ਤਾਇਆ' ਲੇਖ ਲਿਖਣ ਦਾ ਕੀ ਉਦੇਸ਼ ਹੈ ? ਸੰਖੇਪ ਤੇ ਢੁੱਕਵਾਂ ਉੱਤਰ ਦਿਓ।**

ਉੱਤਰ - ਵਹਿਮੀ ਤਾਇਆ ਲੇਖ ਲਿਖਣ ਦਾ ਉਦੇਸ਼ ਇਹ ਸਮਝਾਉਣਾ ਹੈ ਕਿ ਵਹਿਮ ਸਾਡੀ ਮਾਨਸਿਕ ਅਵਸਥਾ ਨਾਲ ਜੁੜੀ ਇੱਕ ਅਜਿਹੀ ਬਿਮਾਰੀ ਹੈ, ਜਿਸ ਦਾ ਕੋਈ ਇਲਾਜ ਨਹੀਂ ਹੁੰਦਾ। ਬਹੁ-ਗਿਣਤੀ ਵਹਿਮ ਅਜਿਹੇ ਹੁੰਦੇ ਹਨ, ਜੋ ਕਦੇ ਵਾਪਰਦੇ ਨਹੀਂ, ਪਰ ਅਸੀਂ ਫਿਰ ਵੀ ਉਹਨਾਂ ਵਿੱਚ ਫਸ ਕੇ ਆਪਣਾ ਕੀਮਤੀ ਸਮਾਂ ਨਸ਼ਟ ਕਰ ਲੈਂਦੇ ਹਾਂ। ਵਹਿਮੀ ਆਦਮੀ ਨੂੰ ਸਮਝਾਇਆ ਨਹੀਂ ਜਾ ਸਕਦਾ। ਉਸ ਦੇ ਅੰਦਰ ਇੱਕ ਤੋਂ ਬਾਅਦ ਇੱਕ ਲਗਾਤਾਰ ਵਹਿਮ ਉਪਜਦੇ ਰਹਿੰਦੇ ਹਨ। ਸਾਨੂੰ ਵਹਿਮੀ ਆਦਮੀ ਤੋਂ ਦੂਰ ਰਹਿਣਾ ਚਾਹੀਦਾ ਹੈ।

**ਪ੍ਰਸ਼ਨ 2. "ਵਹਿਮੀਆਂ ਨਾਲ ਮੁਕਾਬਲਾ ਆਕਲ ਭੁੱਲ ਕਰੇਣ,"ਵਹਿਮੀਆਂ ਨਾਲ ਮੁਕਾਬਲਾ ਕਿਉਂ ਨਹੀਂ ਕੀਤਾ ਜਾ ਸਕਦਾ ? ਸੰਖੇਪ ਵਿੱਚ ਚਰਚਾ ਕਰੋ।**

ਉੱਤਰ - ਇਸ ਕਥਨ ਦੇ ਅਨੁਸਾਰ ਸਿਆਣਾ ਆਦਮੀ ਭੁੱਲ ਕੇ ਵੀ ਵਹਿਮੀ ਆਦਮੀਆਂ ਨਾਲ ਉਹਨਾਂ ਦੇ ਵਹਿਮ ਹਟਾਉਣ ਦੇ ਮੁਕਾਬਲੇ ਵਿੱਚ ਨਹੀਂ ਪੈਂਦਾ। ਕਿਉਂਕਿ ਵਹਿਮੀ ਆਦਮੀ ਵਹਿਮ ਦਾ ਪਿੱਛਾ ਅਸਾਨੀ ਨਾਲ ਨਹੀਂ ਛੱਡਦੇ। ਜੇਕਰ ਇੱਕ ਵਹਿਮ ਦੂਰ ਹੋ ਵੀ ਜਾਵੇ, ਤਾਂ ਉਹ ਬਹੁਤ ਜਲਦੀ ਦੂਜਾ ਵਹਿਮ ਅਪਣਾ ਲੈਂਦੇ ਹਨ । ਵਹਿਮੀ ਆਦਮੀ ਆਪਣੇ ਵਹਿਮ ਨੂੰ ਛੱਡ ਕੇ ਕਿਸੇ ਦੀ ਵੀ ਕੋਈ ਗੱਲ ਸੁਣਨ ਲਈ ਤਿਆਰ ਨਹੀਂ ਹੁੰਦੇ। ਸਿਆਣਿਆਂ ਦਾ ਕਿਹਾ ਸਹੀ ਹੈ ਕਿ ਬਾਕੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ, ਪਰ ਵਹਿਮ ਦਾ ਕੋਈ ਇਲਾਜ ਨਹੀਂ ਹੈ। ਲੇਖਕ ਦੇ ਅਨੇਕਾਂ ਯਤਨ ਕਰਨ ਤੋਂ ਬਾਅਦ ਵੀ ਤਾਇਆ ਮਨਸਾ ਰਾਮ ਵਹਿਮਾਂ ਵਿਚੋਂ ਬਾਹਰ ਨਹੀਂ ਆਉਂਦਾ।

**ਪ੍ਰਸ਼ਨ 3. "ਹੋਰ ਹਰ ਬਿਮਾਰੀ ਦਾ ਇਲਾਜ ਹੈ, ਪਰ ਵਹਿਮ ਕੌਣ ਹਟਾਏ?" ਇਸ ਕਥਨ ਦੇ ਪੱਖ ਜਾਂ ਵਿਰੋਧ ਵਿੱਚ ਦਲੀਲਾਂ ਦਿਓ।**

ਉੱਤਰ – ਇਹ ਸਿਆਣੇ ਆਦਮੀਆਂ ਦਾ ਕਿਹਾ ਹੈ ਕਿ ਹਰ ਬਿਮਾਰੀ ਦਾ ਇਲਾਜ ਹੈ, ਪਰ ਵਹਿਮ ਦਾ ਕੋਈ ਇਲਾਜ ਨਹੀਂ। ਜੇਕਰ ਤਾਇਆ ਮਨਸਾ ਰਾਮ ਦੇ ਸੰਬੰਧ ਵਿੱਚ ਵੇਖਿਆ ਜਾਵੇ, ਤਾਂ ਇਹ ਗੱਲ ਬਿਲਕੁਲ ਸੱਚ ਸਾਬਤ ਹੁੰਦੀ ਹੈ। ਵਹਿਮੀ ਵਿਅਕਤੀ ਵਹਿਮਾਂ ਵਿੱਚ ਫਸ ਕੇ ਕਿਸੇ ਵੀ ਸਮਝਦਾਰ ਵਿਅਕਤੀ ਦੀ ਗੱਲ ਵੀ ਸਮਝ ਨਹੀਂ ਪਾਉਂਦਾ। ਹਰ ਸਮੇਂ ਉਹ ਵਹਿਮਾਂ ਦਾ ਪਿੱਛਾ ਨਹੀਂ ਛੱਡਦਾ। ਵਹਿਮ ਨੂੰ ਦੂਰ ਕਰਨ ਲਈ ਕੋਈ ਦਵਾਈ ਵੀ ਨਹੀਂ ਹੈ।

**ਪ੍ਰਸ਼ਨ 4. ਇਸ ਲੇਖ ਵਿੱਚੋਂ ਤਾਇਆ ਮਨਸਾ ਰਾਮ ਦੇ ਕੁਝ ਦਿਲਚਸਪ ਵਹਿਮਾਂ ਦਾ ਜ਼ਿਕਰ ਸੰਖੇਪ ਵਿੱਚ ਕਰੋ।**

ਉੱਤਰ - ਤਾਇਆ ਮਨਸਾ ਰਾਮ ਨੂੰ ਲੱਗਦਾ ਹੈ ਕਿ ਉਸ ਨੂੰ 'ਭਖ' ਭਾਵ ਬੁਖ਼ਾਰ ਰਹਿੰਦਾ ਹੈ, ਜਿਸ ਕਰਕੇ ਉਹ ਹਰ ਸਮੇਂ ਆਪਣੇ ਮੂੰਹ ਵਿੱਚ ਥਰਮਾਮੀਟਰ ਪਾਈ ਰੱਖਦਾ ਹੈ। ਜਦੋਂ ਤਾਏ ਨੂੰ ਪਤਾ ਲੱਗਦਾ ਕਿ ਬੰਦਿਆਂ ਨਾਲ ਕੀਟਾਣੂ ਲੱਗੇ ਹੁੰਦੇ ਹਨ, ਤਾਂ ਉਹ ਸਾਰਿਆਂ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੰਦਾ ਹੈ ਅਤੇ ਵਾਰ-ਵਾਰ ਸਾਬਣ ਨਾਲ ਹੱਥ ਧੋਂਦਾ ਹੈ। ਉਹ ਸਰੀਰ ਤੋਂ ਕੀਟਾਣੂਆਂ ਨੂੰ ਮਾਰਨ ਲਈ ਗੁਆਂਢੀਆਂ ਦੇ ਮੁੰਡੇ ਨੂੰ ਸਾਬਣ ਨਾਲ ਰਗੜ-ਰਗੜ ਕੇ ਨਹਾਉਂਦਾ ਹੋਇਆ ਬੁਰਾ ਹਾਲ ਕਰ ਦਿੰਦਾ ਹੈ। ਉਹ ਕੁੱਤੇ ਦੇ ਸਿਰਫ ਭੌਂਕਣ ਕਰਕੇ ਹਵਾੜ ਨੂੰ ਹੀ ਮਾਰੂ ਦੱਸਕੇ ਟੀਕੇ ਲਗਵਾ ਲੈਂਦਾ ਹੈ। ਇਸ ਤੋਂ ਇਲਾਵਾ ਦਿਲ ਦੀ ਧੜਕਣ ਰੁਕਣ ਅਤੇ ਬੱਕਰੀ ਦੇ ਸਿੰਗਾਂ ਨਾਲ ਛੁਰੀਆਂ ਬੱਧੀਆਂ ਵਰਗੇ ਉਸ ਦੇ ਹੋਰ ਵੀ ਕਈ ਦਿਲਚਸਪ ਵਹਿਮ ਹਨ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਵਹਿਮੀ ਤਾਇਆ' ਲੇਖ ਦਾ ਲੇਖਕ ਕੌਣ ਹੈ ?**

ਉੱਤਰ - ਸੂਬਾ ਸਿੰਘ।

**ਪ੍ਰਸ਼ਨ 2. 'ਵਹਿਮੀ ਤਾਇਆ' ਲੇਖ ਵਿੱਚ ਕਿਹੜਾ ਪਾਤਰ ਵਹਿਮ ਦਾ ਸ਼ਿਕਾਰ ਹੈ ?**

ਉੱਤਰ - ਤਾਇਆ ਮਨਸਾ ਰਾਮ।

**ਪ੍ਰਸ਼ਨ 3. 'ਵਹਿਮੀ ਤਾਇਆ' ਲੇਖ ਅਨੁਸਾਰ ਦੁਨੀਆ ਵਿੱਚ ਕਿਹੜੀ ਬਿਮਾਰੀ ਦਾ ਇਲਾਜ ਨਹੀਂ ਹੈ ?**

ਉੱਤਰ - ਵਹਿਮ ਦਾ ।

**ਪ੍ਰਸ਼ਨ 4. ਤਾਇਆ ਮਨਸਾ ਰਾਮ ਨੇ ਪਹਿਲੀ ਵਾਰ ਮਿਲਣ ਸਮੇਂ ਲੇਖਕ ਕੋਲ ਕਿਹੜੇ ਵਹਿਮ ਬਾਰੇ ਚਿੰਤਾ ਕੀਤੀ ?**

ਉੱਤਰ - ਮਾੜੀ-ਮਾੜੀ ਭਖ ਰਹਿਣ ਦੀ।

**ਪ੍ਰਸ਼ਨ 5. ਤਾਏ ਨੂੰ ਬੁਖ਼ਾਰ ਤੋਂ ਬਾਅਦ ਹੋਰ ਕਿਹੜਾ ਵਹਿਮ ਚਿੰਬੜ ਗਿਆ ?**

ਉੱਤਰ - ਕੀਟਾਣੂ ਚਿੰਬੜਨ ਦਾ।

**ਪ੍ਰਸ਼ਨ 6. ਹੱਟੀ ਵਿਚ ਬੈਠੇ ਤਾਏ ਦੇ ਮੂੰਹ ਵਿਚ ਕੀ ਪਾਇਆ ਹੋਇਆ ਸੀ ?**

ਉੱਤਰ - ਥਰਮਾਮੀਟਰ ।

**ਪ੍ਰਸ਼ਨ 7. ਤਾਇਆ ਮਨਸਾ ਰਾਮ ਕਿਹੜੇ ਹਕੀਮ ਦਾ ਨਾਂ ਲੈਂਦਾ ਹੈ ?**

ਉੱਤਰ - ਕਰਤਾਰ ਚੰਦ ਦਾ।

**ਪ੍ਰਸ਼ਨ 8. ਹਲਵਾਈ ਦੀ ਦੁਕਾਨ ਉੱਤੇ ਤਾਏ ਦਾ ਪੈਰ ਕਿਸ ਉੱਤੇ ਰੱਖਿਆ ਗਿਆ ?**

ਉੱਤਰ - ਕੁੱਤੇ ਦੀ ਪੂਛ ਉੱਤੇ।

**ਪ੍ਰਸ਼ਨ 9. ਤਾਇਆ ਮਨਸਾ ਰਾਮ ਨੇ ਕੁੱਤੇ ਦੇ ਦੰਦ ਮਾਰਨ ਦੇ ਵਹਿਮ ਵਿਚ ਕੀ ਕੀਤਾ ?**

ਉੱਤਰ - ਚੌਦਾਂ ਟੀਕੇ ਲਗਵਾਏ ।

**ਪ੍ਰਸ਼ਨ 10. ਦਿਲ ਦੇ ਰੋਗ ਦਾ ਵਹਿਮ ਹੋਣ ਕਰਕੇ ਤਾਏ ਨੇ ਹੱਥ ਕਿੱਥੇ ਰੱਖਿਆ ?**

ਉੱਤਰ - ਸੱਜੀ ਵੱਖੀ ਉੱਤੇ ।



**ਗੁਰਦੀਪ ਸਿੰਘ ਬਰਾੜ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋ 9193700037**